Crohn's & Colitis Australia

Punjabi | ਪੰਜਾਬੀ

# ਅਲਸਰੇਟਿਵ ਕੋਲਾਈਟਿਸ ਦੇ ਲੱਛਣ

## ਮੁੱਖ ਨੁਕਤੇ

- ਅਲਸਰੇਟਿਵ ਕੋਲਾਈਟਿਸ ਵਾਲੇ ਲੋਕ ਇੱਕ ਦੂਜੇ ਤੋਂ ਵੱਖਰੇ ਲੱਛਣ ਹੋਣ ਦਾ ਅਨੁਭਵ ਕਰ ਸਕਦੇ ਹਨ।
- ਅਲਸਰੇਟਿਵ ਕੋਲਾਈਟਿਸ ਦੇ ਆਮ ਲੱਛਣਾਂ ਵਿੱਚ ਅਕਸਰ ਪੇਟ ਵਿੱਚ ਦਰਦ, ਵਾਰ-ਵਾਰ ਦਸਤ, ਮਲ (ਟੱਟੀ) ਵਿੱਚ ਖ਼ੂਨ ਆਉਣਾ ਅਤੇ ਆਮ ਤੌਰ 'ਤੇ ਬਿਮਾਰ ਮਹਿਸੂਸ ਕਰਨਾ ਸ਼ਾਮਲ ਹੁੰਦੇ ਹਨ।
- ਅੰਤੜੀਆਂ ਦੀ ਸੋਜਸ਼ ਤੁਹਾਡੇ ਸਰੀਰ ਦੇ ਬਹੁਤ ਸਾਰੇ ਵੱਖ-ਵੱਖ ਹਿੱਸਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਲੱਛਣਾਂ ਦਾ ਕਾਰਨ ਬਣ ਸਕਦੀ ਹੈ, ਇਸ ਲਈ ਉਹਨਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨਾ ਮਦਦਗਾਰ ਹੋ ਸਕਦਾ ਹੈ।

## ਅਲਸਰੇਟਿਵ ਕੋਲਾਈਟਿਸ ਦੇ ਲੱਛਣ ਕੀ ਹਨ?

ਅਲਸਰੇਟਿਵ ਕੋਲਾਈਟਿਸ ਦੇ ਲੱਛਣ ਹਰੇਕ ਵਿਅਕਤੀ ਲਈ ਵੱਖੋ-ਵੱਖਰੇ ਹੋ ਸਕਦੇ ਹਨ ਅਤੇ ਇਹ ਗੰਭੀਰ ਜਾਂ ਹਲਕੇ ਹੋ ਸਕਦੇ ਹਨ। ਇਹ ਲੱਛਣ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਵੱਡੀ ਅੰਤੜੀ ਕਿੰਨੀ ਕੁ ਸੁੱਜ ਗਈ ਹੈ ਅਤੇ ਇਹ ਸੋਜਸ਼ ਕਿੰਨੀ ਪ੍ਰਬਲ ਹੈ।

## ਲੱਛਣ ਵਧੇ ਹੋਣ ਦੌਰਾਨ ਸਭ ਤੋਂ ਆਮ ਲੱਛਣ ਇਹ ਹੁੰਦੇ ਹਨ:

- ਪੇਟ ਦਰਦ
- ਵਾਰ-ਵਾਰ ਦਸਤ (ਕਈ ਵਾਰ ਪਾਕ ਅਤੇ ਖ਼ੂਨ ਵਿਚੇ ਮਿਲਿਆ ਹੁੰਦਾ ਹੈ) ਅਤੇ ਟਾਇਲਟ ਦੀ ਤੁਰੰਤ ਵਰਤੋਂ ਕਰਨ ਦੀ ਲੋੜ ਪੈਂਦੀ ਹੈ
- ਥਕਾਵਟ, ਹੰਭਣਾ
- ਵਧਿਆ ਤਾਪਮਾਨ, ਬੁਖ਼ਾਰ
- ਭੁੱਖ ਨਾ ਲੱਗਣੀ, ਭਾਰ ਘਟਣਾ
- ਅਨੀਮੀਆ (ਖ਼ੂਨ ਦੇ ਸੈੱਲਾਂ ਦਾ ਘਟਿਆ ਪੱਧਰ)

## ਲੱਛਣ ਵਧੇ ਹੋਣ ਦੌਰਾਨ ਸਭ ਤੋਂ ਘੱਟ ਹੋਣ ਵਾਲੇ ਲੱਛਣ ਇਹ ਹੁੰਦੇ ਹਨ:

- ਜੋੜਾਂ ਦਾ ਦਰਦ
- ਮੂੰਹ ਦੇ ਛਾਲੇ (ਫੋੜੇ)
- ਅੱਖਾਂ ਦੀ ਸੋਜ (ਯੂਵਾਈਟਿਸ ਅਤੇ ਐਪੀਸਕਲਿਟਿਸ)
- ਜਿਗਰ ਦੀ ਸੋਜਸ਼ (ਪ੍ਰਾਇਮਰੀ ਸਕਲੇਰੋਜ਼ਿੰਗ ਕੋਲਾਂਗਾਈਟਿਸ (PSC))
- ਚਮੜੀ ਦੇ ਧੱਫੜ
- ਵਾਲ ਝੜਨੇ

ਹਮੇਸ਼ਾ ਆਪਣੇ ਡਾਕਟਰ ਨੂੰ ਪੁੱਛੋ ਜੇ ਤੁਸੀਂ ਆਪਣੇ ਕਿਸੇ ਲੱਛਣ ਬਾਰੇ ਚਿੰਤਤ ਹੋ।

## ਅੰਗਰੇਜ਼ੀ ਵਿੱਚ ਸਹਾਇਤਾ ਜਾਂ ਜਾਣਕਾਰੀ ਲਈ

1800 138 029

info@crohnsandcolitis.org.au

https://crohnsandcolitis.org.au/resources-in-other-languages

https://crohnsandcolitis.org.au/support-groups

## ਕਰੋਹਨਜ਼ ਅਤੇ ਕੋਲਾਈਟਿਸ ਆਸਟ੍ਰੇਲੀਆ ਨਾਲ ਜੁੜੋ

https://instagram.com/crohnsandcolitisau

https://facebook.com/crohnsandcolitis

https://youtube.com/c/crohnsandcolitisaustraliaCCA

https://tiktok.com/@crohnsandcolitisau

https://linkedin.com/company/crohnsandcolitisaus

https://x.com/crohnscolitisau